PUNJABI

Regione Emilia-Romagna
SERVIZIO SANITARIO REGIONALE
EMILIA-ROMAGNA




## ਕੀ ਤੁਸੀਂ ਹੋਰ ਜਾਣਕਾਰੀ ਲੈਣੀ ਚਾਹੁੰਦੇ ਹੋ?

ਆਨਲਾਈਨ ਸਾਨੂੰ ਵਿਜ਼ਿਟ ਕਰੋ

**regioneer.it/colon**

ਜਾਂ ਸਾਡੇ ਟੋਲ-ਫ੍ਰੀ ਨੰਬਰ 'ਤੇ ਕਾਲ ਕਰੋ

**800 033 033**

ਹਰ ਹਫ਼ਤੇ ਸਵੇਰੇ 8.30 ਵਜੇ ਤੋਂ ਸ਼ਾਮ ਦੇ 6 ਵਜੇ ਤੱਕ ਅਤੇ ਸ਼ਨੀਵਾਰ ਸਵੇਰੇ 8.30 ਵਜੇ ਤੋਂ ਦੁਪਹਿਰ ਦੇ 1 ਵਜੇ ਤੱਕ।

## ਇਹ ਸੌਖਾ, ਮੁਫ਼ਤ ਹੈ ਅਤੇ ਇਹ ਤੁਹਾਡੀ ਜਾਨ ਨੂੰ ਬਚਾ ਸਕਦਾ ਹੈ।

Regione Emilia-Romagna
SERVIZIO SANITARIO REGIONALE
EMILIA-ROMAGNA

**ਟੈਸਟ ਦੇ ਨਿਰਦੇਸ਼**

# ਲੁਕਵੇਂ ਖੂਨ ਦੀ ਜਾਂਚ ਲਈ ਮਲ-ਮੂਤਰ ਦੇ ਨਮੂਨੇ ਨੂੰ ਕਿਵੇਂ ਇਕੱਠਾ ਕਰਨਾ ਹੈ



1. ਤੁਹਾਨੂੰ ਇੱਕ ਕਿੱਟ ਦਿੱਤੀ ਗਈ ਹੈ ਜਿਸ ਵਿੱਚ ਇੱਕ ਸ਼ੀਸ਼ੀ ਅਤੇ ਇੱਕ ਪਲਾਸਟਿਕ ਦਾ ਬੈਗ ਹੈ।



2. ਪਹਿਲਾਂ, ਮਲ-ਮੂਤਰ ਦਾ ਨਮੂਨਾ ਇੱਕ ਸਾਫ਼, ਸੁੱਕੇ ਡੱਬੇ (ਜਿਵੇਂ ਕਿ ਪਲਾਸਟਿਕ, ਕਾਗਜ਼ ਜਾਂ ਐਲੂਮੀਨੀਅਮ) ਵਿੱਚ ਇਕੱਠਾ ਕਰੋ ਜਾਂ ਮਲ-ਮੂਤਰ ਨੂੰ ਫੜਨ ਲਈ ਟਾਇਲਟ ਜਾਂ ਬਿਡੇਟ ਵਿੱਚ ਟਾਇਲਟ ਪੇਪਰ ਰੱਖੋ।



3. ਫਿਰ ਸ਼ੀਸ਼ੀ ਖੋਲ੍ਹੋ, ਧਿਆਨ ਰੱਖੋ ਕਿ ਅੰਦਰ ਦਾ ਪਾਣੀ ਨਾ ਡੁੱਲ ਜਾਵੇ: ਇਹ ਇੱਕ ਪ੍ਰੀਜ਼ਰਵੇਟਿਵ ਹੈ।



4. ਫਿਰ ਸੋਟੀ ਨੂੰ ਮਲ-ਮੂਤਰ ਦੀਆਂ 3-4 ਵੱਖ-ਵੱਖ ਥਾਵਾਂ ਵਿੱਚ ਪਾਓ।



5. ਥੋੜ੍ਹਾ ਜਿਹਾ ਮਲ-ਮੂਤਰ ਸੋਟੀ ਨਾਲ ਚਿਪਕਿਆ ਰਹਿਣਾ ਚਾਹੀਦਾ ਹੈ।

6. ਹੁਣ ਤੁਸੀਂ ਸੋਟੀ ਨੂੰ ਵਾਪਸ ਸ਼ੀਸ਼ੀ ਵਿੱਚ ਪਾ ਸਕਦੇ ਹੋ ਅਤੇ ਇਸਨੂੰ ਧਿਆਨ ਨਾਲ ਬੰਦ ਕਰ ਸਕਦੇ ਹੋ।



7. ਫਿਰ ਸ਼ੀਸ਼ੀ ਨੂੰ ਦਿੱਤੇ ਗਏ ਬੈਗ ਵਿੱਚ ਰੱਖੋ ਅਤੇ ਜਦੋਂ ਤੱਕ ਤੁਸੀਂ ਇਸਨੂੰ ਜਮ੍ਹਾਂ ਨਹੀਂ ਕਰਵਾਉਂਦੇ ਉਦੋਂ ਤੱਕ ਇਸਨੂੰ ਫਰਿੱਜ ਵਿੱਚ ਰੱਖੋ, ਜੋ ਕਿ 3 ਦਿਨਾਂ ਦੇ ਅੰਦਰ ਹੋਣਾ ਚਾਹੀਦਾ ਹੈ।

- **ਮਲ-ਮੂਤਰ ਦਾ ਨਮੂਨਾ ਇਕੱਠਾ ਕਰਨ ਤੋਂ ਪਹਿਲਾਂ ਕੋਈ ਖ਼ਾਸ ਖੁਰਾਕ ਲੈਣ ਦੀ ਜ਼ਰੂਰਤ ਨਹੀਂ ਹੈ।**
- **ਮਲ-ਮੂਤਰ ਦਾ ਨਮੂਨਾ ਮਾਹਵਾਰੀ ਦੇ ਦੌਰਾਨ ਨਹੀਂ ਲਿਆ ਜਾਣਾ ਚਾਹੀਦਾ।**
- **ਸੱਦਾ ਪੱਤਰ ਵਿੱਚ ਦੱਸੇ ਗਏ ਸਮੇਂ ਤੇ ਜਗ੍ਹਾ ਅਨੁਸਾਰ, ਨਮੂਨੇ ਨੂੰ ਇਕੱਠਾ ਕਰਨ ਤੋਂ ਵੱਧ ਤੋਂ ਵੱਧ 3 ਦਿਨਾਂ ਦੇ ਅੰਦਰ ਜਮ੍ਹਾਂ ਕਰਵਾਉਣਾ ਹੋਵੇਗਾ।**
- **ਡਿਲੀਵਰੀ ਦੇ 3 ਮਹੀਨਿਆਂ ਦੇ ਅੰਦਰ ਟੈਸਟ ਟਿਊਬ ਦੀ ਵਰਤੋਂ ਕੀਤੀ ਜਾਣੀ ਚਾਹੀਦੀ ਹੈ।**